ਪੰਜਾਬ ਸਟੇਟ ਪਾਵਰ ਕਾਰਪੋ.ਲਿਮ.
(ਦਫਤਰ ਚੀਫ/ਆਈ.ਆਰ ਅਤੇ ਭਲਾਈ (ਭਲਾਈ ਭਾਗ ),ਪਟਿਆਲਾ)

ਵੱਲ

ਸਾਰੇ ਜਨਰਲ ਮੈਨੇਜਰ,
ਇੰਜੀ: ਇੰਨ ਚੀਫ/ਮੁੱਖ ਇੰਜੀਨੀਅਰ/ਵਿਭਾਗਾਂ ਦੇ ਮੁੱਖੀ
ਪੀਐਸਪੀਸੀਐਲ ਅਤੇ ਪੀਐਸਟੀਸੀਐਲ।

ਮੀਮੋ ਨੰ : 396/455 / ਭਭ-1- 427 ਮਿਤੀ : 13/2/14

ਵਿਸ਼ਾ:- **ਪੀਐਸਪੀਸੀਐਲ ਅਤੇ ਪੀਐਸਟੀਸੀਐਲ ਦੀਆਂ ਵੱਖ-2 ਮੁਲਾਜ਼ਮ ਜਥੇਬੰਦੀਆਂ ਵੱਲੋਂ ਮਿਤੀ 25-2-14 ਨੂੰ ਇੱਕ ਰੋਜ਼ਾ ਟੋਕਨ ਹੜਤਾਲ ਕਰਨ ਬਾਰੇ ਨੋਟਿਸ।**

ਪੀ.ਐਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ ਜਿਸ ਵਿੱਚ ਪੀ.ਐਸ.ਈ.ਬੀ ਇੰਪ:ਫੈਡਰੇਸ਼ਨ, ਇੰਪਲਾਈਜ਼ ਫੈਡਰੇਸ਼ਨ (ਸੁਰਿੰਦਰ ਸਿੰਘ) , ਟੀ.ਐਸ.ਯੂ., ਐਮ.ਐਸ.ਯੂ.,ਪੀ.ਐਸ.ਈ.ਬੀ. ਥਰਮਲ ਇੰਪਲਾਈਜ਼ ਕੋ-ਆਰਡੀਨੇਸ਼ਨ ਕਮੇਟੀ ਪੰਜਾਬ, ਪੰਜਾਬ ਰਾਜ ਬਿਜਲੀ ਮਜਦੂਰ ਸੰਘ, ਬਿਜਲੀ ਮੁਲਾਜਮ ਫਰੰਟ, ਵਰਕਰਜ਼ ਫੈਡਰੇਸ਼ਨ ਪੀਐਸਈਬੀ (ਇੰਟਕ) ਅਤੇ ਹੈਡ ਆਫਿਸ ਇੰਪ:ਫੈਡਰੇਸ਼ਨ ਸ਼ਾਮਲ ਹਨ।ਪੀਐਸਈਬੀ ਇੰਪ:ਫੈਡਰੇਸ਼ਨ ਏਟਕ (ਪੰਜਾਬ) ਅਤੇ ਕੌਂਸਲ ਆਫ ਜੇਈਜ਼ ਵਲੋਂ ਆਪਣੀਆਂ ਮੰਗਾਂ ਨੂੰ ਲੈਕੇ ਹੇਠ ਅਨੁਸਾਰ ਐਜੀਟੇਸ਼ਨ/ਹੜਤਾਲ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ:-

ਪ੍ਰੋਗਰਾਮ

| ਕ੍ਰਮ ਨੰ: | ਯੂਨੀਅਨ ਦਾ ਨਾਂ | ਮਿਤੀ | ਪ੍ਰੋਗਰਾਮ |
|---|---|---|---|
| 1. | ਪੀਐਸਈਬੀ ਇੰਪ: ਜੁਆਇੰਟ ਫੋਰਮ | 13-2-14 ਤੋਂ 24-2-14 | **Protest with Black Flags against CMDs & All Directors of PSPCL&PSTCL while on tour in field offices.** |
| | | 19-2-14 | **Effigy burnt demonstrations will be held at Divisional Level in Pujab.** |
| | | 20-2-14 ਤੋਂ 24-2-14 | **Workers to worder contact campaign.** |
| | | 25-2-14 | **One days State Level token strike will be observed.** |
| 2. | ਪੀਐਸਈਬੀ ਇੰਪ: ਫੈਡਰੇਸ਼ਨ ਏਟਕ ਪੰਜਾਬ | 12-2-14 ਤੋਂ 23-2-14 | ਸਬ ਡਵੀਜ਼ਨ ਦਫਤਰਾਂ ਅੱਗੇ ਰੈਲੀਆਂ। |
| | | 24-2-14 | ਸਮੂਚੇ ਮੈਂਬਰਾਂ ਵਲੋਂ ਕਾਲੇ ਬਿੱਲੇ ਲਗਾ ਕੇ ਕਾਲਾ ਦਿਨ ਮਨਾਉਣਾ। |
| | | 25-2-14 | ਇੱਕ ਰੋਜ਼ਾ ਹੜਤਾਲ। |
| 3. | ਕੌਂਸਲ ਆਫ ਜੇਈਜ਼ | | To hold zonal level protest rallied on 20/02/14 from 12:30pm to 2:30pm in front of zonal h.q. all over the PSPCL in the event of amicable solution not arrived council will go on one day lightening strike. |

ਉਪਰੋਕਤ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਇਹ ਜਰੂਰੀ ਹੈ ਕਿ ਮਿਤੀ 25-2-14 ਦੀ ਹੜਤਾਲ ਦੌਰਾਨ ਬਿਜਲੀ ਦੀ ਸਪਲਾਈ ਅਤੇ ਹੋਰ ਦੂਸਰੇ ਕਾਰਜਾਂ ਦੇ ਪ੍ਰਬੰਧ ਨੂੰ ਯਕੀਨੀ ਬਨਾਉਣ ਲਈ ਹੇਠ ਅਨੁਸਾਰ ਲੋੜੀਂਦੀ ਕਾਰਵਾਈ ਕੀਤੀ ਜਾਵੇ:-

1. ਮੁੱਖ ਇੰਜੀਨਅਰ ਪੱਧਰ,ਸਰਕਲ ਪੱਧਰ ਅਤੇ ਮੰਡਲ ਪੱਧਰ ਤੇ ਕੰਟਰੋਲ ਰੂਮ ਸਥਾਪਤ ਕੀਤੇ ਜਾਣ ਜਿਹੜੇ ਦਿਨ ਰਾਤ ਕੰਮ ਕਰਨ।
2. ਸਾਰੇ ਮੁਲਾਜ਼ਮਾਂ ਨੂੰ ਸਦਰ ਮੁਕਾਮ ਤੇ ਰਹਿਣਾ ਚਾਹੀਦਾ ਹੈ ਅਤੇ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਤੋਂ ਬਿਨਾਂ ਹੈਡ ਕੁਆਟਰ ਨਾਂ ਛੱਡਿਆ ਜਾਵੇ।ਜੇਕਰ ਕੋਈ ਕਰਮਚਾਰੀ ਮੁੱਖ ਦਫਤਰ ਜਾਂ ਆਪਣੇ ਉਚ ਦਫਤਰ ਜਾਣਾ ਚਾਹੁੰਦਾ ਹੈ ਤਾਂ ਆਪਣੇ ਕੰਟਰੋਲਿੰਗ ਅਧਿਕਾਰੀ ਦੀ ਪ੍ਰਵਾਨਗੀ ਲੈਕੇ ਜਾਵੇ ਅਤੇ ਹੈਡ ਆਫਿਸ ਆਪਣਾ ਸ਼ਨਾਖਤੀ ਕਾਰਡ ਲੈਕੇ ਆਵੇ।
3. ਕੋਈ ਵੀ ਦਫਤਰ ਬੰਦ ਨਾਂ ਰੱਖਿਆ ਜਾਵੇ ਅਤੇ ਕੈਸ਼ ਕਾਉਂਟਰ ਖੋਲੇ ਜਾਣ।
4. ਵਫਾਦਾਰ ਅਧਿਕਾਰੀਆਂ/ਕਰਮਚਾਰੀਆਂ ਵਲੋਂ ਨਿਰਵਿਘਨ ਡਿਊਟੀ ਨਿਭਾਉਣ ਵਿਚ ਜੇਕਰ ਹੜਤਾਲਕਾਰ ਕੋਈ ਹੁਲੜਬਾਜੀ ਕਰਦੇ ਹਨ ਤਾਂ ਤੁਰੰਤ ਲੋਕਲ ਪੁਲਿਸ ਦੀ ਮਦਦ ਲਈ ਜਾਵੇ।
5. ਹੜਤਾਲ/ਧਰਨੇ ਵਾਲੇ ਦਿਨਾਂ ਦੀ ਕਰਮਚਾਰੀਆਂ ਨੂੰ ਸਿਵਾਏ ਮੈਡੀਕਲ ਅਧਾਰ ਤੇ ਕੋਈ ਛੁਟੀ ਨਾਂ ਦਿੱਤੀ ਜਾਵੇ।
6. ਜਿਹੜਾ ਕਰਮਚਾਰੀ ਹੜਤਾਲ/ਧਰਨੇ/ਰੈਲੀਆਂ/ਘਿਰਾਓ ਵਿਚ ਭਾਗ ਲੈਂਦਾ ਹੈ ਜਾਂ ਉਸ ਸਮੇਂ ਦੌਰਾਨ ਡਿਊਟੀ ਤੇ ਹਾਜਰ ਨਹੀਂ ਰਹਿੰਦਾ ਉਸਦੀ ਗੈਰ ਹਾਜ਼ਰੀ ਲਗਾਈ ਜਾਵੇ ਅਤੇ "ਕੰਮ ਨਹੀਂ ਤਨਖਾਹ ਨਹੀਂ"ਦੇ ਸਿਧਾਂਤ ਤਹਿਤ ਉਸ ਸਮੇਂ ਦੀ ਤਨਖਾਹ ਦੀ ਅਦਾਇਗੀ ਨਾਂ ਕੀਤੀ ਜਾਵੇ ਅਤੇ

ਬਰੇਕ ਇਨ ਸਰਵਿਸ ਪਾਕੇ ਉਸਦਾ ਇੰਦਰਾਜ਼ ਹੜਤਾਲੀ ਕਰਮਚਾਰੀ ਦੀ ਸਰਵਿਸ ਬੁੱਕ ਵਿਚ ਵੀ ਕੀਤਾ ਜਾਵੇ। ਜਿਹੜਾ ਕਰਮਚਾਰੀ ਹੜਤਾਲ ਵਾਲੇ ਦਿਨ 2 ਘੰਟੇ ਵੀ ਗੈਰ ਹਾਜ਼ਰ ਰਹਿੰਦਾਂ ਹੈ ਤਾਂ ਉਹ ਉਸ ਦਿਨ ਤਨਖਾਹ ਦੀ ਅਦਾਇਗੀ ਦਾ ਹੱਕਦਾਰ ਨਹੀਂ ਹੋਵੇਗਾ।

7. ਹੜਤਾਲੀ ਕਰਮਚਾਰੀ ਆਪਣੀ ਪਿਛਲੀ ਸੇਵਾ ਤੋਂ ਵਾਂਝਾ ਹੋ ਜਾਵੇਗਾ ਅਤੇ ਉਸਦੀ ਤਰੱਕੀ ਉਪਰ ਰੋਕ ਲੱਗ ਜਾਵੇਗੀ।
8. ਜਿਹੜੇ ਕਰਮਚਾਰੀ ਹੜਤਾਲ ਵਿਚ ਭਾਗ ਨਹੀਂ ਲੈਣਗੇ ਉਨਾਂ ਨੂੰ ਮੀਮੋ ਨੰ:8588 /9938/ ਭਭ-1-109 / ਏ ਮਿਤੀ 2-7-08 ਰਾਂਹੀ ਜਾਰੀ ਹਦਾਇਤਾਂ ਅਨੁਸਾਰ ਪ੍ਰਸ਼ੰਸਾ ਪੱਤਰ ਜਾਰੀ ਕੀਤੇ ਜਾਣਗੇ।
9. ਪਾਵਰਕਾਮ ਆਪਣੇ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦੇਣ ਲਈ ਵਚਨਬੱਧ ਹੈ ਅਤੇ ਹੜਤਾਲਾਂ ਧਰਨੇ/ਘਿਰਾਉ ਆਦਿ ਕਰਨਾ ਇੱਕ ਅਨਫੇਅਰ ਲੇਬਰ ਪ੍ਰੈਕਟਿਸ ਹੈ ਇਸ ਲਈ Industrial Dispute Act. 1947 ਦੀ ਧਾਰਾ 25 ਯੂ ਤਹਿਤ ਘੇਰਾਉ ਆਦਿ ਕਰਨ ਵਾਲੇ ਕਾਮੇ ਨੂੰ 6 ਮਹੀਨੇ ਤੱਕ ਦੀ ਕੈਦ ਜਾਂ 1000 ਰੁਪਏ ਜੁਰਮਾਨਾ ਜਾਂ ਦੋਵੇਂ ਸਜ਼ਾਵਾਂ ਹੋ ਸਕਦੀਆ ਹਨ।ਮਾਨਯੋਗ ਸਰਬਉਚ ਅਦਾਲਤ ਦੇ ਹੁਕਮਾਂ ਅਨੁਸਾਰ ਅਜਿਹੇ ਕੰਮ ਵਿਚ ਵਿਘਨ ਪਾਉਣ ਵਾਲੇ ਕਾਮਿਆਂ ਨੂੰ ਨੌਕਰੀ ਤੋਂ ਬਰਖਾਸਤ ਵੀ ਕੀਤਾ ਜਾ ਸਕਦਾ ਹੈ।
10. ਬੋਰਡ ਅੰਦਰ ਕੰਮ ਕਰਦੇ ਸਾਰੇ ਮੁਲਾਜ਼ਮਾਂ ਤੇ ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ ਮਿਤੀ 26-6-2002 ਅਨੁਸਾਰ ਐਸਮਾ-1947 ਲਾਗੂ ਹੈ ਜਿਸਦੇ ਤਹਿਤ 3 ਸਾਲ ਤੱਕ ਦੀ ਸਜ਼ਾ ਅਤੇ ਜੁਰਮਾਨਾ ਹੋ ਸਕਦਾ ਹੈ।
11. ਜਿਹੜੇ ਕਰਮਚਾਰੀ ਸਾਲ 2013-14 ਦੌਰਾਨ ਰਿਟਾਇਰ ਹੋ ਰਹੇ ਹਨ ਜੇਕਰ ਉਹ ਹੜਤਾਲ ਵਿਚ ਹਿੱਸਾ ਲੈਂਦੇ ਹਨ ਉਹਨਾਂ ਦੇ ਸਾਰੇ ਪੈਨਸ਼ਨਰੀ ਲਾਭ ਰੁਕ ਜਾਣਗੇ।
12. ਬੋਰਡ ਵਲੋਂ ਠੇਕੇ ਤੇ ਭਰਤੀ ਕੀਤੇ,ਵਰਕਚਾਰਜ,ਡੇਲੀਵੇਜ਼ ਅਤੇ ਕੰਟੀਜੈਂਟ ਕਾਮੇ ਜੇਕਰ ਹੜਤਾਲ ਵਿਚ ਹਿੱਸਾ ਲੈਂਦੇ ਹਨ ਉਨਾਂ ਦੀਆਂ ਸੇਵਾਵਾਂ ਬਰਖਾਸਤ ਕੀਤੀਆਂ ਜਾ ਸਕਦੀਆਂ ਹਨ ਅਤੇ ਪਦਉਨਤ ਹੋਏ ਜਿਹੜੇ ਅਧਿਕਾਰੀ/ਕਰਮਚਾਰੀ ਅਜੇ ਪ੍ਰੋਬੇਸ਼ਨ ਅਧੀਨ ਹਨ ਉਹਨਾਂ ਦੀਆਂ ਤਰੱਕੀਆਂ ਰੱਦ ਕੀਤੀਆਂ ਜਾ ਸਕਦੀਆਂ ਹਨ।
13. ਹੜਤਾਲ ਦੇ ਦਿਨ ਦੌਰਾਨ ਬਿਜਲੀ ਦੀ ਸਪਲਾਈ ਅਤੇ ਹੋਰ ਜ਼ਰੂਰੀ ਕਾਰਜਾਂ ਦੀਆਂ ਸੂਚਨਾਵਾਂ ਦੇ ਅਦਾਨ ਪ੍ਰਦਾਨ ਲਈ ਉਪ ਸਕੱਤਰ/ਜਨਰਲ ਦੀ ਦੇਖ-ਰੇਖ ਹੇਠ ਹੈਡ ਆਫਿਸ ਪਟਿਆਲਾ ਵਿਖੇ ਪਹਿਲਾਂ ਦੀ ਤਰਾਂ ਇੱਕ ਕੇਂਦਰੀ ਕੰਟਰੋਲ ਰੂਮ ਵੀ ਸਥਾਪਤ ਕੀਤਾ ਜਾਵੇਗਾ ਜਿਹੜਾ ਰਾਊਂਡ ਦਾ ਕਲਾਕ ਕੰਮ ਕਰੇਗਾ।ਇਸ ਕੰਟਰੋਲ ਰੂਮ ਦੇ ਟੈਲੀਫੂਨ ਨੰ: 0175-2220853 ਜਾਂ 854 ਅਤੇ 0175-2216424 ਹੋਣਗੇ।

ਉਪਰੋਕਤ ਹਦਾਇਤਾਂ ਨੂੰ ਆਪਜੀ ਦੀ ਸੰਸਥਾ ਅਧੀਨ ਦਫਤਰਾਂ ਦੇ ਸਾਰੇ ਮੁਲਾਜ਼ਮਾਂ ਦੇ ਧਿਆਨ ਵਿਚ ਲਿਆ ਦਿੱਤਾ ਜਾਵੇ ਅਤੇ ਸਖਤੀ ਨਾਲ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

ਮੁੱਖ / ਪ੍ਰਬੰਧਕੀ,
ਪੀਐਸਪੀਸੀਐਲ,ਪਟਿਆਲਾ।

ਪਿੱਠ ਅੰਕਣ ਨੰ:456/806 /ਭਭ-1- 427 ਮਿਤੀ : 13/02/14

ਉਪਰੋਕਤ ਦਾ ਉਤਾਰਾ ਨਿਮਨ ਦਰਸਾਏ ਅਧਿਕਾਰੀਆਂ ਨੂੰ ਸੂਚਨਾਂ ਅਤੇ ਅਗਲੇਰੀ ਜਰੂਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਏ.ਡੀ.ਜੀ.ਪੀ./ਵੀ. ਤੇ ਐਸ., ਪੀਐਸਪੀਸੀਐਲ,ਪਟਿਆਲਾ।
2. ਮੁੱਖ ਪੜਤਾਲਕਾਰ, ਪੀਐਸਪੀਸੀਐਲ,ਪਟਿਆਲਾ।
3. ਮੁੱਖ ਲੇਖਾ ਅਫਸਰ, ਪੀਐਸਪੀਸੀਐਲ,ਪਟਿਆਲਾ।
4. ਵਿੱਤ ਸਲਾਹਕਾਰ, ਪੀਐਸਪੀਸੀਐਲ,ਪਟਿਆਲਾ।
5. ਕਾਨੂੰਨੀ ਸਲਾਹਕਾਰ, ਪੀਐਸਪੀਸੀਐਲ,ਪਟਿਆਲਾ।
6. ਕਿਰਤ ਭਲਾਈ ਅਫਸਰ, ਪੀਐਸਪੀਸੀਐਲ,ਪਟਿਆਲਾ।
7. ਸਾਰੇ ਸੰਯੁਕਤ ਸਕੱਤਰ/ਉਪ ਸਕੱਤਰ/ਅਧੀਨ ਸਕੱਤਰ, ਸਾਰੇ ਸ਼ਾਖਾ ਅਫਸਰ, ਭਾਗਾਂ ਦੇ ਮੁੱਖੀ (ਕਾਰਪੋਰੇਸ਼ਨ ਵਿੱਚ ਸਦਰ ਮੁਕਾਮ ਦਫਤਰਾਂ ਵਿੱਚ) ਉਪ ਸਕੱਤਰ ਟੂ ਸੀਐਮਡੀ/ਨਿੱਜੀ ਸਕੱਤਰ ਟੂ ਡਾਇਰੈਕਟਰਜ਼।

13/2/14
ਉਪ ਸਕੱਤਰ / ਸ਼ਿਕਾ: ਤੇ ਭਲਾਈ,
ਪੀਐਸਪੀਸੀਐਲ,ਪਟਿਆਲਾ।

ਸੀਸੀ

ਨਿਗ:ਇੰਜ:/ਆਈ.ਟੀ.,ਪੀਐਸਪੀਸੀਐਲ,ਹਦਾਇਤਾਂ ਵੈਬਸਾਈਟ ਤੇ ਪਾਉਣ ਹਿਤ।

ਨੋਟ:- ਹੜਤਾਲ ਵਿਚ ਹਿੱਸਾ ਲੈਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਦੀ ਸੂਚਨਾ ਹੇਠਾਂ ਦਿੱਤੇ ਨਿਰਧਾਰਤ ਪ੍ਰੋਫਾਰਮੇ ਤੇ ਮੁੱਖ ਦਫਤਰ ਨਾਲ ਸਬੰਧਤ ਮੁੱਖ ਆਈ.ਆਰ.ਤੇ ਭਲਾਈ,ਪਟਿਆਲਾ ਨੂੰ ਭੇਜੀ ਜਾਵੇ ਅਤੇ ਖੇਤਰੀ ਦਫਤਰਾਂ ਨਾਲ ਸਬੰਧਤ ਸੂਚਨਾ ਕੇਂਦਰੀ ਕੰਟਰੋਲ ਰੂਮ ਪਟਿਆਲਾ ਨੂੰ ਭੇਜੀ ਜਾਵੇ ਜੀ।

| Sr.No | Name of the Organization | Posted Strength | Present | On Leave | On Strike | %age of Strike |
|---|---|---|---|---|---|---|
| | | | | | | |